ਦੇਗ ਤੇਗ ਫ਼ਤਿਹ॥ ੧ੴ ਵਾਹਿਗੁਰੂ ਜੀ ਕੀ ਫ਼ਤਿਹ॥ ਪੰਥ ਕੀ ਜੀਤ॥

ਅਵਲਿ ਅਲਹ ਨੂਰ ਉਪਾਇਆ ਕੁਦਰਤ ਕੇ ਸਭ ਬੰਦੇ॥ ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ॥

# Sri Guru Singh Sabha Gurdwara Association

8115 – 132nd Street Surrey, BC, Canada V3W 4N5
Email: singhsabha@shaw.ca

## ਪ੍ਰੈਸ ਰਲੀਜ

ਵਾਹਿਗੁਰੂ ਜੀ ਕਾ ਖਾਲਸਾ॥
ਵਹਿਗੁਰੂ ਜੀ ਕੀ ਫਤਹਿ॥

ਸ੍ਰੀ ਗੁਰੂ ਸਿੰਘ ਸਭਾ ਗੁਰਦੁਆਰਾ ਸਰੀ ਬੀਸੀ ਬਾਰੇ ਜੋ ਸੋਸ਼ਲ ਮੀਡੀਆ ਤੇ ਚਰਚਾ ਚੱਲ ਰਹੀ ਹੈ ਉਸ ਸਬੰਧੀ ਅਸੀਂ ਸੰਗਤਾਂ ਦੇ ਗਿਆਤ ਲਈ ਬੇਨਤੀ ਕਰਨੀ ਚਾਹੁੰਦੇ ਹਾਂ ਕਿ

੨੦ ਸਤੰਬਰ ਐਤਵਾਰ ਨੂੰ ਟੋਰੰਟੋ ਤੋਂ ਕੁਝ ਸਿੰਘ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਪਾਵਨ ਬੀੜਾਂ ਲੈਣ ਲਈ ਪਹੁੰਚੇ ਸਨ। ਸਾਰੇ ਕਾਗਜ ਪੱਤਰ ਪੂਰੇ ਕਰਨ ਤੋਂ ਬਾਅਦ ਜਦੋਂ ਪਾਵਨ ਬੀੜਾਂ ਉਨ੍ਹਾਂ ਸਿੰਘਾਂ ਦੇ ਸਪੁਰਦ ਕਰਨ ਲਈ ਗੱਡੀ ਕੋਲ ਗਏ ਤਾਂ ਗੱਡੀ ਵਿਚ ਪੂਰਨ ਮਰਿਆਦਾ ਮੁਤਾਬਕ ਪ੍ਰਬੰਧ ਨਾ ਹੋਣ ਕਰਕੇ ਪਾਵਨ ਬੀੜਾਂ ਵਾਪਸ ਗੁਰਦੁਆਰਾ ਸਾਹਿਬ ਲਿਆ ਕੇ ਸੁਸ਼ੋਭਿਤ ਕਰ ਦਿੱਤੀਆਂ ਗਈਆਂ ਸਨ।

ਟੋਰੰਟੋ ਵਾਲੇ ਸਿੰਘਾਂ ਨੂੰ ਇਸ ਸਬੰਧੀ ਤਾੜਨਾ ਕੀਤੀ ਗਈ ਜਿਸ ਕਰਕੇ ਉਨ੍ਹਾਂ ਵੱਲੋਂ ਵੀਡੀਓ ਬਣਾ ਕੇ ਸੰਗਤਾਂ ਅਤੇ ਸ੍ਰੀ ਗੁਰੂ ਸਿੰਘ ਸਭਾ ਗੁਰਦੁਆਰਾ ਦੀ ਕਮੇਟੀ ਪਾਸੋਂ ਮੁਆਫ਼ੀ ਮੰਗੀ ਹੈ।

ਇਸ ਘਟਨਾ ਨਾਲ ਸਿੱਖ ਸੰਗਤਾਂ ਨੂੰ ਵਾਇਰਲ ਹੋ ਰਹੀਆਂ ਵੀਡੀਓ ਕਾਰਨ ਮਨਾਂ ਨੂੰ ਠੇਸ ਪਹੁੰਚੀ ਹੈ।

ਟੋਰੰਟੋ ਵਾਲੇ ਸਿੰਘਾਂ ਤੇ ਵਿਸ਼ਵਾਸ ਕਰਦੇ ਹੋਏ ਅਸੀਂ ਗੱਡੀ ਪਹਿਲਾਂ ਚੈਕ ਨਾ ਕਰਨ ਦੀ ਭੁੱਲ ਕਰ ਬੈਠੇ ਜਿਸ ਦੇ ਲਈ ਅਸੀਂ ਗੁਰੂ ਸਾਹਿਬ ਜੀ ਅਤੇ ਸਿੱਖ ਸੰਗਤਾਂ ਪਾਸੋਂ ਖਿਮਾਂ ਮੰਗਦੇ ਹਾਂ।

ਵੱਲੋਂ ਪ੍ਰਬੰਧਕ ਕਮੇਟੀ